**Directorate Of Education, GNCT Of Delhi**

**Practice Paper**

**Session- 2023-24**

**Class- ix**

**Subject- Punjabi (004)**

**Time - 3 hrs** **Maximum Marks- 80**

| **ਆਮ ਨਿਰਦੇਸ਼** |
|---|
| ❖ ਸਾਰੇ ਪ੍ਰਸ਼ਨ ਲਾਜ਼ਮੀ ਹਨ।ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ।ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।<br>❖ ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।<br>❖ ਉੱਤਰਾਂ ਨੂੰ ਧਿਆਨ ਨਾਲ ਲਿਖਿਆ/ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ। |

| **ਪ੍ਰਸ਼ਨ** | **ਭਾਗ-ੳ (ਪੜ੍ਹਨ ਕੌਸ਼ਲ)** | **ਅੰਕ** |
|---|---|---|
| 1. | ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਦੇ ਆਧਾਰ 'ਤੇ ਚੁਣ ਕੇ ਉੱਤਰ ਸ਼ੀਟ ਵਿੱਚ ਦਰਜ ਕਰੋ।<br>ਫਲ਼ ਬੱਚਿਆਂ ਲਈ ਬਹੁਤ ਜ਼ਰੂਰੀ ਹੁੰਦੇ ਹਨ ਕਿਉਂਕਿ ਉਹਨਾਂ ਵਿੱਚ ਸਰੀਰ ਲਈ ਜ਼ਰੂਰੀ ਫ਼ਾਈਬਰ ,ਖਣਿਜ ਅਤੇ ਵਿਟਾਮਿਨ ਹੁੰਦੇ ਹਨ। ਇਹ ਪਾਚਨ ਪ੍ਰਣਾਲੀ ਨੂੰ ਸਹੀ ਢੰਗ ਨਾਲ ਕੰਮ ਕਰਨ ਵਿੱਚ ਵੀ ਮਦਦ ਕਰਦੇ ਹਨ, ਰੋਜ਼ਾਨਾ ਜ਼ਿੰਦਗੀ ਵਿੱਚ ਫਲਾਂ ਦੀ ਮਹੱਤਤਾ, ਚਾਹੇ ਬੱਚਿਆਂ ਲਈ ਹੋਵੇ ਜਾਂ ਬਾਲਗਾਂ ਲਈ ,ਚੰਗੀ ਤਰ੍ਹਾਂ ਜਾਣੀ ਜਾਂਦੀ ਹੈ। ਫਲ਼ ਪ੍ਰਤੀਰੋਧਕ ਸਮਰੱਥਾ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ,ਇਸਨੂੰ ਵਧਾਉਂਦੇ ਅਤੇ ਵਧੇਰੇ ਕੁਸ਼ਲ ਕਰਦੇ ਹਨ।ਜਿਵੇਂ ਕਿ ਅਸੀਂ ਦੇਖਦੇ ਹਾਂ ਕਿ ਹਰ ਮੌਸਮ ਵਿੱਚ ਵੱਖ-ਵੱਖ ਕਿਸਮਾਂ ਦੇ ਫਲ਼ ਹੁੰਦੇ ਹਨ ਅਤੇ ਸਰੀਰ ਨੂੰ ਇਹਨਾਂ ਫਲਾਂ ਤੋਂ ਲਾਭ ਲੈਣ ਲਈ ,ਇੱਕ ਵਿਅਕਤੀ ਨੂੰ ਨਿਯਮਿਤ ਤੌਰ 'ਤੇ ਮੌਸਮੀ ਫਲ਼ ਖਾਣੇ ਚਾਹੀਦੇ ਹਨ। ਦੂਜੇ ਸ਼ਬਦਾਂ ਵਿੱਚ ,ਜੇ ਕੋਈ ਵਿਅਕਤੀ ਸੰਤਰੇ ਵਰਗਾ ਫਲ਼ ਖਾਂਦਾ ਹੈ ਜੋ ਪ੍ਰਤਿਰੋਧਕ ਸਮਰੱਥਾ ਵਧਾਉਂਦੇ ਹਨ ਅਤੇ ਜੋ ਸਰਦੀਆਂ ਦੇ ਮੌਸਮ ਤੋਂ ਪਹਿਲਾਂ ਦਿਖਾਈ ਦਿੰਦੇ ਹਨ ,ਇਹਨਾਂ ਤੋਂ ਸਰੀਰ ਵਿਟਾਮਿਨ ਅਤੇ ਖਣਿਜ ਲੈਂਦਾ ਹੈ ਜਿਸ ਨਾਲ ਸਰੀਰ ਅੰਦਰ ਲੋੜੀਂਦਾ ਭੰਡਾਰ ਹੁੰਦਾ ਹੈ ਜੋ ਜ਼ੁਕਾਮ | 1x6=6 |

| | | |
|---|---|---|
| | ਅਤੇ ਹੋਰ ਕਈ ਬਿਮਾਰੀਆਂ ਤੋਂ ਬਚਾਉਂਦਾ ਹੈ। ਇਸ ਲਈ ਮੌਸਮੀ ਫਲ਼ ਬਹੁਤ ਮਹੱਤਵਪੂਰਨ ਅਤੇ ਲਾਭਦਾਇਕ ਹੁੰਦੇ ਹਨ। ਫਲ਼ ਦੀ ਮਹੱਤਤਾ ਇਸ ਦੀ ਕਿਸਮ ਅਤੇ ਮੋਟਾਈ ਦੇ ਅਨੁਸਾਰ ਬਦਲਦੀ ਰਹਿੰਦੀ ਹੈ। ਹਰ ਫਲ਼ ਦੇ ਆਪਣੇ ਕੁਦਰਤੀ ਗੁਣ ਹੁੰਦੇ ਹਨ ਜੋ ਵਿਟਾਮਿਨ ,ਖਣਿਜ ਨਾਲ ਭਰਪੂਰ ਹੁੰਦੇ ਹਨ । ਇਹ ਕੁਝ ਹੋਰ ਗੰਭੀਰ ਬਿਮਾਰੀਆਂ ਨੂੰ ਰੋਕਣ ਵਿੱਚ ਵੀ ਮਦਦ ਕਰਦਾ ਹੈ ,ਜਿਵੇਂ ਕਿ ਪਾਚਨ ਸਮੱਸਿਆਵਾਂ ,ਸ਼ੂਗਰ ਅਤੇ ਦਿਲ ਦੀਆਂ ਕੁਝ ਸਮੱਸਿਆਵਾਂ। ਫਲਾਂ ਦੇ ਮਨੁੱਖਾਂ ਲਈ ਇਸਦੇ ਮਹੱਤਵਪੂਰਨ ਲਾਭਾਂ ਤੋਂ ਇਲਾਵਾ ਇਹ ਜ਼ਮੀਨ 'ਤੇ ਆਕਸੀਜਨ ਵਧਾਉਣ ਵਿੱਚ ਵੀ ਮਦਦ ਕਰਦੇ ਹਨ।<br><br>i) ਪ੍ਰ੦- ਫ਼ਲ ਕਿਸਨੂੰ ਪ੍ਰਭਾਵਿਤ ਕਰਦੇ ਹਨ?<br>ੳ) ਵਾਤਾਵਰਨ ਨੂੰ ਅ) ਪ੍ਰਿਥਵੀ ਨੂੰ<br>ੲ) ਪ੍ਰਤੀਰੋਧਕ ਸਮਰੱਥਾ ਨੂੰ ਸ) ਪੰਛੀਆਂ ਨੂੰ<br>ii) ਪ੍ਰ੦- ਇੱਕ ਵਿਅਕਤੀ ਨੂੰ ਕਿਹੜੇ ਫ਼ਲ ਖਾਣੇ ਚਾਹੀਦੇ ਹਨ?<br>ੳ) ਕੱਚੇ ਅ) ਮੌਸਮੀ<br>ੲ) ਪੱਕੇ ਸ) ਵਿਦੇਸ਼ੀ<br>iii) ਪ੍ਰ੦- ਵਿਅਕਤੀ ਨੂੰ ਫ਼ਲ ਕਦੋਂ ਖਾਣੇ ਚਾਹੀਦੇ ਹਨ?<br>ੳ) ਕਦੇ-ਕਦੇ ਅ) ਨਿਯਮਿਤ ਤੌਰ 'ਤੇ<br>ੲ) ਹਫ਼ਤੇ ਬਾਅਦ ਸ) ਇੱਕ ਦਿਨ ਛੱਡ ਕੇ<br>iv) ਪ੍ਰ੦- ਫ਼ਲ ਕਿਸ ਤੋਂ ਬਚਾਉਂਦੇ ਹਨ?<br>ੳ) ਬਿਮਾਰੀਆਂ ਤੋਂ ਅ) ਪ੍ਰਦੂਸ਼ਣ ਤੋਂ<br>ੲ) ਕੀਟਾਣੂਆਂ ਤੋਂ ਸ) ਰੋਟੀ ਖਾਣ ਤੋਂ<br>v) ਪ੍ਰ੦- ਫ਼ਲ ਦੀ ਮਹੱਤਤਾ ਕਿਸ ਅਨੁਸਾਰ ਬਦਲਦੀ ਰਹਿੰਦੀ ਹੈ?<br>ੳ) ਕੀਮਤ ਅਨੁਸਾਰ। ਅ) ਮੌਸਮ ਅਨੁਸਾਰ<br>ੲ) ਕਿਸਮ ਤੇ ਮੋਟਾਈ ਅਨੁਸਾਰ ਸ) ਮੰਡੀ ਅਨੁਸਾਰ<br>vi) ਪ੍ਰ੦- ਫ਼ਲ ਮਨੁੱਖਾਂ ਨੂੰ ਲਾਭ ਦੇਣ ਤੋਂ ਇਲਾਵਾ ਹੋਰ ਕੀ ਕਰਦੇ ਹਨ?<br>ੳ) ਪ੍ਰਦੂਸ਼ਣ ਰੋਕਦੇ ਹਨ। ਅ) ਅੰਨ ਦੀ ਬੱਚਤ ਕਰਦੇ ਹਨ।<br>ੲ) ਆਕਸੀਜਨ ਵਧਾਉਂਦੇ ਹਨ। ਸ) ਪੰਛੀਆਂ ਨੂੰ ਖਿੱਚਦੇ ਹਨ। | |
| 2. | ਹੇਠ ਲਿਖੀ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ ਉੱਤਰ ਸ਼ੀਟ ਵਿੱਚ ਦਰਜ ਕਰੋ। | 1x4=4 |

DoE Delhi

| | | |
|---|---|---|
| | ਚੰਨ-ਸਿਤਾਰੇ ਅੰਬਰ ਉੱਤੇ,<br>ਗੱਲਾਂ ਬਾਤਾਂ ਕਰਦੇ।<br>ਭੋਰਾ ਨਾ ਇਹ ਸ਼ੋਰ ਮਚਾਉਂਦੇ,<br>ਨਾ ਹੀ ਬੀਬੇ ਲੜਦੇ।<br>ਨਿੱਕੇ-ਵੱਡੇ 'ਕੱਠੇ ਬਹਿ ਕੇ,<br>ਕਰਨ ਪਿਆਰ ਦੀਆਂ ਗੱਲਾਂ।<br>ਇੱਕ ਦੂਜੇ ਨੂੰ ਵੇਖ-ਵੇਖ ਕੇ,<br>ਨਾ ਕੁੜਦੇ,ਨਾ ਸੜਦੇ।<br><br>i) ਪ੍ਰ0- ਚੰਨ-ਸਿਤਾਰੇ ਅੰਬਰ ਉੱਤੇ ਕੀ ਕਰਦੇ ਹਨ?<br>ii) ਪ੍ਰ0- ਚੰਨ-ਸਿਤਾਰੇ ਕਿਹੋ ਜਿਹੇ ਹਨ?<br>iii) ਪ੍ਰ0- ਨਿੱਕੇ-ਵੱਡੇ ਚੰਨ-ਸਿਤਾਰੇ ਕਿਹੋ ਜਿਹੀਆਂ ਗੱਲਾਂ ਕਰਦੇ ਹਨ?<br>iv) ਪ੍ਰ0- ਚੰਨ-ਸਿਤਾਰੇ ਇੱਕ ਦੂਜੇ ਨੂੰ ਦੇਖ ਕੇ ਕੀ ਨਹੀਂ ਕਰਦੇ? | |
| | **ਭਾਗ-ਅ (ਵਿਆਕਰਨ)** | |
| 3. | ਵਿਰੋਧੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) 'ਪ੍ਰਸ਼ਨ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ।<br>ੳ) ਪ੍ਰਸ਼ਨਾਵਲੀ ਅ) ਉੱਤਰ<br>ੲ) ਸਵਾਲ ਸ) ਪੁੱਛਣਾ<br>ii) 'ਮਾੜਾ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ।<br>ੳ) ਚੰਗਾ ਅ) ਬੁਰਾ<br>ੲ) ਗਰੀਬ ਸ) ਨਿਕੰਮਾ<br>iii) 'ਆਸਤਕ' ਸ਼ਬਦ ਦਾ ਵਿਰੋਧੀ ਸ਼ਬਦ ਹੇਠ ਦਿੱਤੇ ਵਿਕਲਪਾਂ ਵਿੱਚੋਂ ਚੁਣੋ।<br>ੳ) ਧਰਮੀ ਅ) ਆਸਵੰਦ<br>ੲ) ਆਸ ਸ) ਨਾਸਤਕ | 1x2=2 |
| 4. | ਲਿੰਗ ਬਦਲੋ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਹਿਰਨੀ' ਸ਼ਬਦ ਦਾ ਪੁਲਿੰਗ ਸ਼ਬਦ ਹੈ?<br>ੳ) ਹਿਰਨਾਂ ਅ) ਹਿਰਨ<br>ੲ) ਹਿਰਨੀਆਂ ਸ) ਹਰਨਾਂ | 1x2=2 |

DoE, Delhi

| | | |
|---|---|---|
| | ii) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਮਾਸੀ' ਸ਼ਬਦ ਦਾ ਪੁਲਿੰਗ ਸ਼ਬਦ ਹੈ?<br>ੳ) ਮਾਸੜ ਅ) ਮਾਂ ਜਿਹੀ<br>ੲ) ਮਾਮਾ ਸ) ਕੁੜੀ<br>iii) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਲੁਹਾਰ' ਸ਼ਬਦ ਦਾ ਇਸਤਰੀ ਲਿੰਗ ਸ਼ਬਦ ਹੈ?<br>ੳ) ਲੋਹਾ ਅ) ਲੁਹਾਰਨ<br>ੲ) ਲੁਹਾਰੀ ਸ) ਲੁਹਾਰਨੀ | |
| 5. | ਵਿਸਮਿਕ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)<br>i) ਹੇਠ ਦਿੱਤੇ ਸ਼ਬਦਾਂ ਵਿੱਚੋਂ ਕਿਹੜਾ ਸੂਚਨਾਵਾਚਕ ਵਿਸਮਿਕ ਦਾ ਉਦਾਹਰਨ ਹੈ?<br>ੳ) ਠਹਿਰੋ ਅ) ਵਾਹ<br>ੲ) ਅਫ਼ਸੋਸ ਸ) ਸਦਕੇ<br>ii) ਵਿਸਮਿਕ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ?<br>ੳ) ਦੋ ਅ) ਪੰਜ<br>ੲ) ਦਸ ਸ) ਅੱਠ<br>iii) 'ਖੁਸ਼ ਰਹੋ' ਹੇਠ ਲਿਖੇ ਅਨੁਸਾਰ ਕਿਸ ਵਿਸਮਿਕ ਦੀ ਸਹੀ ਉਦਾਹਰਨ ਹੈ?<br>ੳ) ਪ੍ਰਸ਼ੰਸਾਵਾਚਕ ਅ) ਸੂਚਨਾਵਾਚਕ<br>ੲ) ਸ਼ੋਕਵਾਚਕ ਸ) ਅਸੀਸਵਾਚਕ | 1x2=2 |
| 6. | ਸ਼ਬਦ ਸ਼ੁੱਧੀ<br>ਹੇਠ ਦਿੱਤੇ ਵਾਕਾਂ ਵਿੱਚੋਂ ਲਕੀਰੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ। (ਕੋਈ ਦੋ)<br>i) ਬੱਚੇ ਪਾਰਕ ਵਿੱਚ ਖੇੜ ਰਹੇ ਸਨ।<br>ii) ਮੈਨੂੰ ਖੀਰ ਬਹੁਤ ਪਸਾਂਦ ਹੈ।<br>iii) ਮੈਂ ਸਕੂਲ ਪੈਦਲ ਜਾਦਾ ਹਾਂ। | 1x2=2 |
| 7. | ਕਿਰਿਆ (ਛੋਟੇ ਉੱਤਰ ਵਾਲੇ ਪ੍ਰਸ਼ਨ) (ਕੋਈ ਦੋ)<br>i) ਕਿਰਿਆ ਕਿਸਨੂੰ ਆਖਦੇ ਹਨ?<br>ii) ਸਕਰਮਕ ਕਿਰਿਆ ਕਿਸਨੂੰ ਆਖਦੇ ਹਨ?<br>iii) ਅਕਰਮਕ ਕਿਰਿਆ ਦੀ ਕੋਈ ਇੱਕ ਉਦਾਹਰਨ ਲਿਖੋ? | 1x2=2 |
| 8. | ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਦੋ ਨੂੰ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ।<br>ਊਠ ਦੇ ਗੱਲ ਟੱਲੀ,ਅੱਜ-ਕਲ ਕਰਨਾ, ਹੱਕ ਜਤਾਉਣਾ, ਸੱਪ ਸੁੰਘ ਜਾਣਾ। | 1x2=2 |

DoE, Delhi

| | | |
|---|---|---|
| | **ਭਾਗ-ੲ (ਪ੍ਰਭਾਵਸ਼ਾਲੀ ਲਿਖਣ-ਕੌਸ਼ਲ)** | |
| 9. | ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ‘ਤੇ ਲਗਭਗ 200 ਸ਼ਬਦਾਂ ਵਿੱਚ ਲੇਖ ਲਿਖੋ।<br>i) ਨਸ਼ਾਬੰਦੀ<br>(ਜਾਣ-ਪਛਾਣ -------------ਨਸ਼ਾ ਇੱਕ ਬਿਮਾਰੀ------------ਨਸ਼ਿਆਂ ਦਾ ਕਾਰਨ--------ਨਸ਼ੇ ਦਾ ਜਾਲ-------ਵਿਦਿਆਰਥੀ ਅਤੇ ਨਸ਼ਾ--------ਦੇਸ਼ ਦਾ ਭਵਿੱਖ ਖਤਰੇ ਵਿੱਚ---------ਠੋਸ ਕਦਮ ਚੁੱਕਣ ਦੀ ਲੋੜ--------------ਸਿੱਟਾ-------)<br>ii) ਰੇਲਵੇ ਸਟੇਸ਼ਨ ਦਾ ਦ੍ਰਿਸ਼<br>(ਜਾਣ-ਪਛਾਣ -----------ਰੇਲਵੇ ਸਟੇਸ਼ਨ ‘ਤੇ ਪਹੁੰਚਣਾ-----ਗੱਡੀਆਂ ਦੀ ਸਮੇਂ ਸਾਰਣੀ ਦੇਖਣਾ ---------ਵਾਰ-ਵਾਰ ਸੂਚਨਾ ਮਿਲਣਾ --------ਗੱਡੀਆਂ ਦਾ ਆਉਣਾ-ਜਾਣਾ ------------ਕੁਲੀਆਂ ਤੇ ਲੋਕਾਂ ਦੀ ਭੀੜ -----------ਖਾਣ-ਪੀਣ ਦੀਆਂ ਦੁਕਾਨਾਂ ------ਸਿੱਟਾ -------------)<br>iii) ਮਿੱਤਰਤਾ<br>(ਜਾਣ-ਪਛਾਣ------------ਮਨੁੱਖ ਇੱਕ ਸਮਾਜਿਕ ਪ੍ਰਾਣੀ---------ਮਿੱਤਰਤਾ ਦੀ ਲੋੜ------------ ਚੰਗੇ ਮਿੱਤਰ ਦੇ ਗੁਣ--------ਮਿੱਤਰਤਾ ਦੀਆਂ ਮਿਸਾਲਾਂ-------------ਮਿੱਤਰਤਾ ਦਾ ਮਹੱਤਵ ----------ਦਿਖਾਵੇ ਤੋਂ ਪਰੇ ---------ਸਿੱਟਾ------------) | 8 |
| 10 | ਆਪਣੇ ਸਕੂਲ ਮੁਖੀ ਨੂੰ ਪੰਜਾਬੀ ਕਲੱਬ ਦੀਆਂ ਗਤੀਵਿਧੀਆਂ ਸ਼ੁਰੂ ਕਰਾਉਣ ਸੰਬੰਧੀ ਪੱਤਰ ਲਿਖੋ।<br>( ਸੰਬੋਧਨੀ ਸ਼ਬਦ -------------ਪੰਜਾਬੀ ਕਲੱਬ ਦਾ ਨਿਰਮਾਣ -----------ਮੈਂਬਰ ਬਣਨਾ ------------ਗਤੀਵਿਧੀਆਂ ਬਾਰੇ ਯੋਜਨਾ ਬਣਾਉਣਾ-----------ਸਕੂਲ ਮੁਖੀ ਨੂੰ ਦੱਸਣਾ ---------------)<br>ਜਾਂ<br>ਪਿਤਾ ਜੀ ਨੂੰ ਮਾਤਾ ਜੀ ਦੀ ਬਿਮਾਰੀ ਬਾਰੇ ਦੱਸਦੇ ਹੋਏ ਕੁੱਝ ਦਿਨਾਂ ਦੀ ਛੁੱਟੀ ਲੈ ਕੇ ਘਰ ਆਉਣ ਲਈ ਪੱਤਰ ਲਿਖੋ।<br>( ਮਾਤਾ ਜੀ ਦਾ ਬਿਮਾਰ ਹੋਣਾ ----------- ਇਮਤਿਹਾਨ ਆਉਣ ਵਾਲੇ ਹੋਣਾ -------------ਘਰ ਵਿੱਚ ਦੇਖਣ ਵਾਲਾ ਕੋਈ ਨਾ ਹੋਣਾ ---------ਪਿਤਾ ਜੀ ਨੂੰ ਖਬਰ ਦੇਣਾ ---------ਛੁੱਟੀ ਲੈ ਕੇ ਆਉਣ ਲਈ ਕਹਿਣਾ----------) | 6 |
| 11 | ਹੇਠ ਦਿੱਤੀ ਤਸਵੀਰ ਨੂੰ ਧਿਆਨ ਨਾਲ ਦੇਖ ਕੇ 50 ਸ਼ਬਦਾਂ ਵਿੱਚ ਵਰਨਣ ਕਰੋ। | 4 |

DoE Delhi

| | | |
|---|---|---|
| | <br>**ਨੋਟ- ਇਹ ਪ੍ਰਸ਼ਨ ਤਸਵੀਰ ਅਧਾਰਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ।**<br>'ਕਸਰਤ ਕਰਨ ਦੇ ਕੀ ਲਾਭ ਹਨ?'। ਇਸ ਬਾਰੇ ਆਪਣੇ ਵਿਚਾਰ 50 ਸ਼ਬਦਾਂ ਵਿੱਚ ਲਿਖੋ। | |
| | **ਭਾਗ-ਸ (ਪਾਠ-ਪੁਸਤਕਾਂ 'ਤੇ ਅਧਾਰਤ ਪ੍ਰਸ਼ਨ)** | |
| 12 | ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)<br>i) ਸਾਰਾ ਮੁਹੱਲਾ ਮਨਸਾ ਰਾਮ ਨੂੰ ਉਸਦੀ ਪਿੱਠ ਪਿੱਛੇ ਕੀ ਆਖਦਾ ਹੈ?<br>ੳ) ਵਹਿਮੀ ਭਾਈਆ ਅ) ਵਹਿਮੀ ਆਦਮੀ<br>ੲ) ਵਹਿਮੀ ਤਾਇਆ ਸ) ਵਹਿਮੀ ਅੰਕਲ<br>ii) ਮਾਹੌਲ ਨੂੰ ਖੁਸ਼ਗਵਾਰ ਕਿਵੇਂ ਬਣਾਇਆ ਜਾ ਸਕਦਾ ਹੈ?<br>ੳ) ਸ਼ੋਰ-ਸ਼ਰਾਬਾ ਮਚਾ ਕੇ।<br>ਅ) ਪਾਰਟੀ ਕਰਕੇ।<br>ੲ) ਸ਼ਾਂਤੀ ਨਾਲ ਸਮੱਸਿਆ ਦਾ ਹੱਲ ਕਰਕੇ।<br>ਸ) ਰਿਸ਼ਤੇਦਾਰਾਂ ਨੂੰ ਘਰ ਬੁਲਾ ਕੇ।<br>iii) ਲੇਖਕ ਦੇ ਕੱਚੇ ਘਰ ਦੀ ਲਿੱਪਾ-ਪੋਚੀ ਦਾ ਕੰਮ ਕਦੋਂ ਸ਼ੁਰੂ ਹੁੰਦਾ?<br>ੳ) ਹੋਲੀ ਤੋਂ ਪਹਿਲਾਂ ਅ) ਜਨਮ ਦਿਨ ਤੋਂ ਪਹਿਲਾਂ<br>ੲ) ਮੀਂਹ ਤੋਂ ਪਹਿਲਾਂ ਸ) ਦਸਹਿਰੇ ਤੋਂ ਪਹਿਲਾਂ | 1x5=5 |

| | | |
|---|---|---|
| | iv) ਜੁਗਲ ਪ੍ਰਸ਼ਾਦ ਨੂੰ ਵਧਾਈ ਕਿਸਨੇ ਦਿੱਤੀ?<br>ੳ) ਦੇਵਕੀ ਨੇ ਅ) ਜੋਤੀ ਨੇ<br>ੲ) ਪ੍ਰਿੰਸੀਪਲ ਨੇ ਸ) ਮੰਤਰੀ ਨੇ<br>v) ਬਾਰਸ਼ਾਂ ਵਿੱਚ ਕਿਸਦਾ ਘਰ ਢਹਿ ਗਿਆ ਸੀ?<br>ੳ) ਦਰਬਾਰੇ ਦਾ ਅ) ਕਪੂਰ ਸਿੰਘ ਦਾ<br>ੲ) ਸਰਪੰਚ ਦਾ ਸ) ਰਾਮ ਕੌਰ ਦਾ<br>vi) ਪਾਲੀ ਨੂੰ ਕੀ ਕਰਨਾ ਚੰਗਾ ਨਹੀਂ ਲੱਗਦਾ ਸੀ?<br>ੳ) ਨੌਕਰੀ ਅ) ਝਗੜਾ<br>ੲ) ਫੈਸ਼ਨ ਸ) ਨਰਾਜ਼ਗੀ | |
| 13 | ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ)<br>i) ਬੂਰ ਕਿਸਨੂੰ ਪੈ ਗਿਆ ਹੈ?'ਵਿਸਾਖੀ ਦਾ ਮੇਲਾ' ਕਵਿਤਾ ਦੇ ਅਨੁਸਾਰ ਦੱਸੋ।<br>ੳ) ਗੁਲਾਬ ਨੂੰ ਅ) ਕਣਕਾਂ ਨੂੰ<br>ੲ) ਅੰਬਾਂ ਨੂੰ ਸ) ਲੁਕਾਠ ਨੂੰ<br>ii) ਕਵੀ ਫ਼ੀਰੋਜ਼ਦੀਨ ਸ਼ਰਫ਼ ਸਦਾ ਕਿਸਦੀ ਖੈਰ ਮੰਗਦਾ ਹੈ?<br>ੳ) ਮਾਂ ਦੀ ਅ) ਪੰਜਾਬੀ ਦੀ<br>ੲ) ਬੱਚਿਆਂ ਦੀ ਸ) ਕੁਦਰਤ ਦੀ<br>iii) ਪੋਤੇ ਮਾਤਾ ਗੁਜਰੀ ਜੀ ਨੂੰ ਕੀ ਪੁੱਛਦੇ ਸਨ<br>ੳ) ਪਿਤਾ ਜੀ ਕੋਲ ਕੱਦ ਜਾਣਾ।<br>ਅ) ਨਾਨੀ ਕੋਲ ਕੱਦ ਜਾਣਾ।<br>ੲ) ਯੁੱਧ ਕਰਨ ਕੱਦ ਜਾਣਾ।<br>ਸ) ਖੇਡਣ ਕੱਦ ਜਾਣਾ।<br>iv) ਮਦਨ ਦੇ ਪਿੱਛੇ ਕੌਣ ਲੱਗਿਆ ਹੋਇਆ ਹੈ?<br>ੳ) ਚੋਰ ਅ) ਪੁਲਿਸ<br>ੲ) ਗੁੰਡੇ ਸ) ਕੁੱਤੇ<br>v) ਕੁਲਦੀਪ ਨਾਰਾਜ਼ ਕਿਉਂ ਹੈ?<br>ੳ) ਸਿਰਜਨਾ ਦਾ ਫੋਨ ਆਉਣ ਕਰਕੇ।<br>ਅ) ਰੋਟੀ ਨਾ ਮਿਲਣ ਕਰਕੇ।<br>ੲ) ਨੌਕਰੀ ਚਲੀ ਜਾਣ ਕਰਕੇ।<br>ਸ) ਮੌਸਮ ਖਰਾਬ ਹੋਣ ਕਰਕੇ।<br>vi) ਬੀਜੀ ਨੂੰ ਕੀ ਚਾਹੀਦਾ ਹੈ?<br>ੳ) ਨੌਕਰ ਅ) ਪੈਸੇ<br>ੲ) ਪੋਤਾ ਸ) ਪੋਤੀ | 1x5=5 |

DoE Delhi

| | | |
|---|---|---|
| 14 | ਕਹਾਣੀ ਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਉ)<br>i) ਜਵਾਲਾ ਪ੍ਰਸ਼ਾਦ ਕੌਣ ਸੀ?<br>ii) ਬਸ ਕੰਡਕਟਰ ਦਾ ਕੀ ਨਾਂ ਸੀ?<br>iii) ਲੇਖਕ ਨੂੰ ਭੇਰੇ ਜਾਣਾ ਕਿਹੋ ਜਿਹੀ ਮੁਹਿੰਮ ਜਾਪਦਾ ਸੀ?<br>iv) ਨਿੱਕੀਆਂ-ਨਿੱਕੀਆਂ ਗੱਲਾਂ ਮਨੁੱਖ ਨੂੰ ਕੀ ਦੇ ਸਕਦੀਆਂ ਹਨ?<br>v) ਜਦੋਂ ਬੇਬੇ ਜੀ ਕਦੇ ਰਿਸ਼ਤੇਦਾਰੀ ਵਿੱਚ ਜਾਂਦੀ ਤਾਂ ਪਿੱਛੋਂ ਲੇਖਕ ਦਾ ਖਿਆਲ ਕੌਣ ਰੱਖਦਾ ਸੀ? | 1x4=4 |
| 15 | ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਉ)<br>i) ਜੁਗਲ ਪ੍ਰਸ਼ਾਦ ਆਪਣੀ ਕਿਹੜੀ ਸਧਰ ਪੂਰੀ ਕਰਨਾ ਚਾਹੁੰਦਾ ਸੀ?<br>ii) ਦਰਬਾਰੇ ਨੂੰ ਇਕੱਠ ਵਿੱਚ ਕਿਉਂ ਬੁਲਾਇਆ ਗਿਆ?<br>iii) ਬਸ ਕੰਡਕਟਰ ਨੇ ਟਿਕਟ ਦੇਣ ਲੱਗਿਆਂ ਬੁੱਢੀ ਮਾਈ ਨਾਲ ਕਿਹੋ ਜਿਹਾ ਵਰਤਾਅ ਕੀਤਾ?<br>iv) ਲੇਖਕ ਨੂੰ ਭੇਰੇ ਪਹੁੰਚ ਕੇ ਕਿਹੋ ਜਿਹਾ ਮਹਿਸੂਸ ਹੋਇਆ?<br>v) ਲੇਖਕ ਅਨੁਸਾਰ ਦੁਸ਼ਮਣ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਕੇ ਖੁਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ?<br>vi) ਬੇਬੇ ਜਿੰਦਰਾ ਅਤੇ ਕੁੰਜੀਆਂ ਸ਼ਬਦ ਕਿਹਨਾਂ ਲਈ ਵਰਤਦੀ ਹੈ ਅਤੇ ਕਿਉਂ?<br>vii) ਕਿਸ਼ੋਰ ਦੇ ਸਾਧੂਆਂ ਬਾਰੇ ਕੀ ਵਿਚਾਰ ਹਨ?<br>viii) ਡਾਕਟਰ ਨੂੰ ਸਿਰਜਨਾ ਤੋਂ ਕੀ ਉਮੀਦ ਹੈ? | 2x7=14 |
| 16 | ਕਵਿਤਾ ਤੇ ਵਾਰਤਕ ਵਿੱਚੋਂ (ਉੱਤਰ 50-60 ਸ਼ਬਦਾਂ ਵਿੱਚ ਦਿਉ)<br>i) 'ਸਮਾਂ' ਕਵਿਤਾ ਵਿੱਚ ਕਵੀ ਸਮੇਂ ਦੀ ਸੰਭਾਲ ਸੰਬੰਧੀ ਕੀ ਸੁਨੇਹਾ ਦਿੰਦਾ ਹੈ?<br>ਜਾਂ<br>'ਮੈਂ ਪੰਜਾਬੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।<br>ii) 'ਹੋਰ ਹਰ ਬਿਮਾਰੀ ਦਾ ਇਲਾਜ ਹੈ ਪਰ ਵਹਿਮ ਕੌਣ ਹਟਾਏ?' ਇਸ ਕਥਨ ਦੇ ਪੱਖ ਜਾਂ ਵਿਰੋਧ ਵਿੱਚ ਦਲੀਲਾਂ ਦਿਓ।<br>ਜਾਂ<br>ਖੁਸ਼ੀ ਪ੍ਰਾਪਤ ਕਰਨ ਦਾ ਅਨਮੋਲ ਢੰਗ ਕਿਹੜਾ ਹੈ? | 4x2=8 |
| 17 | ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਦਿਉ।<br>i) "ਮੈਂ ਤੁਹਾਨੂੰ ਕਿੰਨੀ ਵੇਰ ਸਮਝਾ ਚੁੱਕਾ ਹਾਂ,ਇਹਨਾਂ ਪਖੰਡੀਆਂ ਨੂੰ ਮੂੰਹ ਨਾ ਲਾਇਆ ਕਰੋ।" ਇਹ ਸ਼ਬਦ ਕਿਸਨੇ,ਕਿਸਨੂੰ ਅਤੇ ਕਿਉਂ ਕਹੇ?<br>ii) ਬੀਜੀ ਦਾ ਪਾਤਰ-ਚਿਤਰਨ ਕਰੋ। | 4x1=4 |

DoE Delhi

DoE, Delhi